# ਸਾਡਾ ਵਿਹਾਰ ਦਾ ਜ਼ਾਬਤਾ

## ਠੇਕੇਦਾਰਾਂ ਸਬੰਧੀ ਸਾਡੇ ਵਲੋਂ ਵਿਚਾਰੀ ਗਈ ਪਾੱਲਿਸੀ ਅਤੇ ਵਸਨੀਕਾਂ ਦੀਆਂ ਜ਼ਿੰਮੇਵਾਰੀਆਂ ਸ਼ਾਮਿਲ ਕਰ ਰਹੇ ਹਾਂ




# Punjabi

# ਯੂਨਾਇਟਿਡ ਹਾਉਸ ਦੀ ਠੇਕੇਦਾਰਾਂ ਸਬੰਧੀ ਵਿਚਾਰੀ ਗਈ ਪਾੱਲਿਸੀ

ਅਸੀਂ ਇਹ ਵਾਅਦਾ ਕਰਦੇ ਹਾਂ:

- ਕੰਮ ਤੋਂ ਪ੍ਰਭਾਵਿਤ ਸਾਰਿਆਂ ਵਸਨੀਕਾਂ ਲਈ ਸੰਵੇਦਨਸ਼ੀਲ ਹੋਣ ਦਾ
- ਚਿੰਤਾਵਾਂ ਨੂੰ ਨਜਿੱਠਣ ਲਈ ਜਲਦੀ ਉਪਲਬਧ ਹੋਣ ਅਤੇ ਜਵਾਬਦੇਹੀ ਦਾ
- ਮਸ਼ਵਰੇ ਅਤੇ ਸ਼ਮੂਲੀਅਤ ਦੇ ਉਚ ਮਿਆਰਾਂ ਨੂੰ ਉਤਸਾਹਿਤ ਕਰਨ ਦਾ
- ਇਹ ਯਕੀਨੀ ਬਣਾਉਣਾ ਕਿ ਹਰ ਕੋਈ ਜ਼ਾਬਤੇ ਨੂੰ ਸਮਝ ਸਕੇ ਅਤੇ ਉਸਨੂੰ ਲਾਗੂ ਕਰ ਸਕੇ, ਖ਼ਾਸ ਤੌਰ 'ਤੇ ਇਸਦੀ ਵਚਨਬੱਧਤਾ
  - ਸੁਰੱਖਿਅਤ ਹੋਣ ਦੀ
  - ਥਾਂ ਨੂੰ ਸਾਫ਼ ਅਤੇ ਚੰਗੀ ਤਰ੍ਹਾਂ ਤਰਤੀਬਬੱਧਰ ਰਖਣ ਦੀ
  - ਸੁਭਾਅ ਅਤੇ ਪਹਿਰਾਵੇ ਦੇ ਪ੍ਰਵਾਣਯੋਗ ਮਿਆਰਾਂ ਨੂੰ ਉਤਸਾਹਿਤ ਕਰਨ ਦੀ
  - ਵਾਤਾਵਰਣ ਸਬੰਧੀ ਜਾਗਰੂਕ ਹੋਣ ਦੀ
  - ਗਾਹਕ ਦੀ ਸੰਤੁਸ਼ਟੀ ਨੂੰ ਮਾਪਣ ਦੀ

# ਯੂਨਾਇਟਿਡ ਹਾਉਸ ਦਾ ਵਤੀਰੇ ਸਬੰਧੀ ਜ਼ਾਬਤਾ

**ਯੂਨਾਇਟਿਡ ਹਾਉਸ ਦੇ ਮੈਨੇਜਰ ਅਤੇ ਵਸਨੀਕਾਂ ਨਾਲ ਰਾਬਤਾ ਰਖਣ ਵਾਲੇ ਅਧਿਕਾਰੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਸਾਰਾ ਸਟਾਫ ਅਤੇ ਸਹਾਇਕ ਠੇਕੇਦਾਰ ਇਸ ਜ਼ਾਬਤੇ ਤੋਂ ਜਾਣੂ ਹੋਣ, ਅਤੇ ਉਹ ਇਸਦੀ ਮਹਤੱਾ ਨੂੰ ਸਮਝਦੇ ਹੋਣ ਅਤੇ ਇਸ ਲਈ ਕੰਮ ਕਰਨ**

## ਸੰਵੇਦਨਸ਼ੀਲ ਸੁਭਾਅ

### ਸਾਈਟ ਤੇ ਕੰਮ ਕਰਨ ਵਾਲਾ ਹਰ ਕੋਈ:...

- ਵਸਨੀਕਾਂ, ਉਹਨਾਂ ਦੇ ਕਬਜ਼ੇ ਵਾਲੇ ਅਸਾਸਿਆਂ ਉਹਨਾਂ ਦੇ ਘਰ ਪ੍ਰਤੀ ਸਤਿਕਾਰ ਦਰਸਾਏਗਾ
- ਵੱਖ-ਵੱਖ ਸਭਿਆਚਾਰਾਂ ਅਤੇ ਧਰਮਾਂ ਦਾ ਸਤਿਕਾਰ ਕਰੇਗਾ
- ਵਸਨੀਕਾਂ, ਭਾਈਚਾਰੇ ਅਤੇ ਸਥਾਨਕ ਕਾਰੋਬਾਰੀਆਂ ਦੇ ਵਿਘਨ ਨੂੰ ਜਿੰਨਾ ਹੋ ਸਕੇ ਘਟਾਏਗਾ
- ਬਜ਼ੁਰਗਾਂ, ਅਪੰਗਾਂ ਅਤੇ ਵਿਸ਼ੇਸ਼ ਜ਼ਰੂਰਤਾਂ ਵਾਲਿਆਂ ਦਾ ਵਧ ਧਿਆਨ ਦਏਗਾ ਅਤੇ ਮਦਦ ਕਰੇਗਾ
- ਜਾਇਦਾਦ ਨੂੰ ਸੁਰਖਿਅਤ ਰਖੇਗਾ
- ਮੋਬਾਇਲ ਫ਼ੋਨ ਦੀ ਵਰਤੋਂ ਨੂੰ ਸੀਮਤ ਕਰੇਗਾ
- ਹਰੇਕ ਕੰਮ ਵਾਲੇ ਦਿਨ ਦੇ ਅੰਤ ਵਿਚ ਸਫਾਈ ਕਰੇਗਾ ਅਤੇ ਸਮੇਟੇਗਾ
- ਹਰੇਕ ਦਿਨ ਦੇ ਅੰਤ 'ਚ ਵਸਨੀਕਾਂ ਨੂੰ ਜਾਣੂ ਕਰਵਾਏਗਾ ਅਤੇ ਅਗਲੀ ਪਹੁੰਚ ਦਾ ਐਲਾਨ ਕਰੇਗਾ
- ਜਦੋਂ ਵਸਨੀਕ ਦੇ ਘਰ ਵਿਚ ਹੋਵੇਗਾ, ਕਦੀ ਵੀ ਤਮਾਖੂਨੋਸ਼ੀ, ਕੁਝ ਵੀ ਪੀਏਗਾ ਜਾਂ ਖਾਏਗਾ ਨਹੀਂ ਜਾਂ ਰੇਡੀਓ ਜਾਂ ਵਿਅਕਤੀਗਤ ਸਟੀਰੀਓ ਦੀ ਵਰਤੋਂ ਨਹੀਂ ਕਰੇਗਾ
- ਇੱਕ ਵਸਨੀਕ ਦੇ ਫ਼ੋਨ ਦੀ ਕਦੀ ਵੀ ਵਰਤੋਂ ਲਈ ਨਹੀਂ ਕਹੇਗਾ
- ਜਦੋਂ ਤਕ ਸੰਭਵ ਹੋਵੇ, ਵਸਨੀਕ ਦੇ ਟਾੱਇਲਟ ਜਾਂ ਬਾਥਰੂਮ ਦੀ ਵਰਤੋਂ ਤੋਂ ਗ਼ੁਰੇਜ਼ ਕਰੇਗਾ, ਅਤੇ ਸਿਰਫ਼ ਵਸਨੀਕ ਦੀ ਮੰਜ਼ੂਰੀ ਨਾਲ ਹੀ ਵਰਤੋਂ ਕਰੇਗਾ – ਅਤੇ ਇਸਦੀ ਵਰਤੋਂ ਕਰਨ ਮਰਗੋਂ ਸਾਫ਼ ਛੱਡੇਗਾ
- ਘਰ ਵਿਚ ਕਦੀ ਵੀ ਰਾਤ ਲਈ ਔਜ਼ਾਰ ਨਹੀਂ ਛੱਡੇਗਾ
- ਵਸਨੀਕ ਦੀਆਂ ਸਾਫ਼-ਸਫ਼ਾਈ ਕਰਨ ਵਾਲੀਆਂ ਚੀਜ਼ਾਂ ਦੀ ਕਦੀ ਵੀ ਵਰਤੋਂ ਨਹੀਂ ਕਰੇਗਾ
- ਲੋਕਾਂ ਦੇ ਘਰਾਂ ਵਿਚ ਅਤੇ ਆਲੇ-ਦੁਆਲੇ ਵਿਚ ਉਚੇਰੇ ਮਿਆਰ ਬਹਾਲ ਰਖੇਗਾ
- ਗ਼ਲਤ ਭਾਸ਼ਾ ਅਤੇ ਮਾੜੇ ਵਿਹਾਰ ਤੋਂ ਗ਼ੁਰੇਜ਼ ਕਰੇਗਾ

## ਜਵਾਬਦੇਹੀ

### ਯੂਨਾਇਟਿਡ ਹਾਉਸ ਕਰੇਗਾ:...

- ਵਸਨੀਕਾਂ ਨੂੰ ਉਹਨਾਂ ਵਿਅਕਤੀਆਂ ਦੇ ਨਾਂ ਮੁਹਈਆ ਕਰੇਗਾ, ਜੋ ਇੰਚਾਰਜ ਹਨ ਅਤੇ ਖ਼ਾਸ ਤੌਰ 'ਤੇ ਵਸਨੀਕ ਤਾਲਮੇਲ ਅਫ਼ਸਰ ਦਾ ਨਾਂ ਦਏਗਾ
- ਸਥਾਨਕ ਸੰਪਰਕ ਨੰਬਰਾਂ ਨਾਲ ਇੱਕ ਕੰਪਨੀ ਬੋਰਡ ਦਾ ਮੁਜ਼ਾਹਰਾ ਕਰੇਗਾ
- ਕਿਸੇ ਵੀ ਵਿਅਕਤੀ, ਜਿਸਦਾ ਕੋਈ ਸੁਆਲ ਜਾਂ ਸ਼ਿਕਾਇਤ ਹੈ, ਲਈ ਪਹੁੰਚ ਵਾਲਾ ਹੋਏਗਾ
- 24 ਘੰਟੇ ਦੀ ਐਮਰਜੈਂਸੀ ਹਾੱਟਲਾਈਨ ਬਹਾਲ ਕਰੇਗਾ
- ਘਟਨਾ ਅਤੇ ਹਾਦਸੇ ਵਾਲੀ ਪੁਸਤਕ ਰੱਖੇਗਾ
- ਕਦੀ ਵੀ ਜ਼ਿੰਮੇਵਾਰੀ ਕਿਸੇ ਹੋਰ ਸਿਰ ਨਹੀਂ ਸੁੱਟੇਗਾ
- ਗਾਹਕ ਸੰਤੁਸ਼ਟੀ ਦੇ ਉਚੇਰੇ ਪੱਧਰਾਂ ਨੂੰ ਬਹਾਲ ਰੱਖਣ ਦੀ ਕੋਸ਼ਿਸ਼ ਕਰੇਗਾ ਅਤੇ ਗ਼ਲਤੀਆਂ ਤੋਂ ਸਬਕ ਸਿਖੇਗਾ
- ਯਕੀਨੀ ਬਣਾਏਗਾ ਕਿ ਉਥੇ ਹਮੇਸ਼ਾ ਇੱਕ ਅਜਿਹਾ ਵਿਅਕਤੀ, ਜੋ ਖ਼ਾਸ ਤੌਰ 'ਤੇ ਗਾਹਕ ਸੰਤੁਸ਼ਟੀ ਲਈ ਜ਼ਿੰਮੇਵਾਰ ਹੋਵੇ, ਆਮ ਤੌਰ 'ਤੇ ਇੱਕ ਵਸਨੀਕ ਤਾਲਮੇਲ ਅਫ਼ਸਰ
- ਸੰਤੁਸ਼ਟੀ ਅਤੇ ਸ਼ਿਕਾਇਤਾਂ ਦੇ ਪੱਧਰਾਂ ਦੀ ਨਿਗਰਾਨੀ ਕਰੇਗਾ
- ਜੇ ਟੁੱਟ-ਫੁੱਟ ਜਾਂ ਹਾਦਸਾ ਹੁੰਦਾ ਹੈ, ਤਾਂ ਵਸਨੀਕਾਂ ਨੂੰ ਘੱਟ ਤੋਂ ਘੱਟ ਪਰੇਸ਼ਾਨ ਕਰੇਗਾ
- ਘਰ ਵਿਚ ਕੰਮ ਕਰਨ ਤੋਂ ਪਹਿਲਾਂ ਅਤੇ ਮਗਰੋਂ ਘਰ ਵਿਚਲੀ ਹਾਲਤ ਨੂੰ ਰਿਕਾੱਰਡ ਕਰੇਗਾ
- ਕੀਤੇ ਜਾਣ ਵਾਲੇ ਕੰਮ ਲਈ ਮੁਲਾਕਾਤ ਦਾ ਸਮਾਂ ਤੈਅ ਕਰੇਗਾ ਅਤੇ ਸਮੇਂ 'ਤੇ ਪਹੁੰਚੇਗਾ
- ਵਸਨੀਕਾਂ ਨੂੰ ਕਿਸੇ ਦੇਰੀ ਲਈ ਕਾਰਣਾਂ ਬਾਰੇ ਤੁਰੰਤ ਦੱਸੇਗਾ

## ਕੰਮ ਕਰਨ ਦਾ ਮਾਹੌਲ

### ਸਾਈਟ ਤੇ ਕੰਮ ਕਰਨ ਵਾਲਾ ਹਰ ਕੋਈ:...

- ਕੰਮ ਕਰਨ ਵਾਲੀ ਥਾਂ ਵੱਲ ਜਾਣ ਦੇ ਰਾਹ ਦੇ ਫ਼ਰਸ਼ ਦੀ ਢਕ ਕੇ ਰਾਖੀ ਕਰੋ
- ਫ਼ਰਸ਼ਾਂ ਅਤੇ ਫ਼ਰਨੀਚਰ ਦੀ ਰਾਖੀ ਲਈ ਮਿੱਟੀ-ਘੱਟੇ ਰਹਿਤ ਸਾਫ਼-ਸੁਥਰੀਆਂ ਸ਼ੀਟਾਂ ਦੀ ਵਰਤੋਂ ਕਰੋ
- ਯਕੀਨੀ ਬਣਾਓ ਕਿ ਸਮਗ੍ਰੀ ਨੂੰ ਕਰੀਨੇ ਅਤੇ ਸੁਰੱਖਿਆ ਨਾਲ ਰਖਿਆ ਗਿਆ ਹੈ
- ਯਕੀਨੀ ਬਣਾਓ ਕਿ ਸੇਵਾਵਾਂ ਨੂੰ ਹਰ ਕਾਰਜ ਦਿਨ ਦੇ ਅੰਤ 'ਤੇ ਮੁੜ-ਬਹਾਲ ਕੀਤਾ ਗਿਆ ਹੈ
- ਸਥਾਨਕ ਇਲਾਕੇ ਅਤੇ ਇਸਦੀਆਂ ਸੜਕਾਂ ਅਤੇ ਫੁੱਟਪਾਥਾਂ ਨੂੰ ਸਾਫ਼ ਅਤੇ ਤਰਤੀਬਬੱਧ ਰੱਖੋ
- ਜਿਥੇ ਮਿੱਟੀ-ਘੱਟਾ ਪਰੇਸ਼ਾਨੀ ਕਰ ਸਕਦਾ ਹੈ, ਸਕਿਪਸ ਨੂੰ ਢਕੋ ਅਤੇ ਸਕਿਪਸ ਨੂੰ ਬਾਹਰ ਵੱਗਣ ਨਾ ਦਿਓ
- ਮਿਥੇ ਗਏ ਇਲਾਕਿਆਂ ਵਿਚ ਪਾਰਕ ਕਰੋ
- ਪੈੜ ਨੂੰ ਰਹਿੰਦ-ਖੂਹੰਦ ਤੋਂ ਮੁਕਤ, ਸਾਫ਼-ਸੁਥਰਾ ਅਤੇ ਸੁਰਖਿਅਤ ਰੱਖੋ
- ਸਮਗ੍ਰੀ ਅਤੇ ਪਲਾਂਟ ਨੂੰ ਕੰਮ ਵਾਲੀ ਥਾਂ ਦੀਆਂ ਹੱਦਾਂ ਦੇ ਅੰਦਰ-ਅੰਦਰ ਰੱਖੋ
- ਹਰ ਸਮੇਂ ਮਲੀਨਤਾ ਤੋਂ ਬਚੋ ਅਤੇ ਰਹਿੰਦ-ਖੂਹੰਦ ਨੂੰ ਘੱਟ ਤੋਂ ਘੱਟ ਕਰੋ
- ਜਿਥੇ ਸੰਭਵ ਹੋਵੇ ਸਮਗ੍ਰੀਆਂ ਨੂੰ ਮੁੜ-ਵਰਤੋਂ ਯੋਗ ਕਰੋ
- ਕੰਮ ਕਰਨ ਵਾਲੀਆਂ ਚੀਜ਼ਾਂ, ਵਾਹਨਾਂ, ਪਲਾਂਟ ਅਤੇ ਹੋ ਰਹੇ ਕੰਮ ਦੀ ਅਵਾਜ਼ ਨੂੰ ਘੱਟ ਰੱਖੋ
- ਕੰਮ ਵਾਲੀ ਥਾਂ 'ਤੇ ਸਮਗ੍ਰੀ ਨੂੰ ਘੱਟ ਤੋਂ ਘੱਟ ਰੱਖੋ ਅਤੇ ਇਕੱਠਾ ਕਰੋ

## ਸਲਾਹ-ਮਸ਼ਵਰਾ ਅਤੇ ਸੰਚਾਰ

### ਯੂਨਾਇਟਿਡ ਹਾਉਸ ਕਰੇਗਾ:...

- ਵਸਨੀਕ ਮੀਟਿੰਗਾਂ ਵਿਚ ਸ਼ਾਮਿਲ ਹੋਵੋ ਅਤੇ ਉਚਿਤ ਤਰ੍ਹਾਂ ਵਿਚਾਰ ਕਰੋ
- ਕੰਮ ਸ਼ੁਰੂ ਹੋਣ ਤੋਂ ਪਹਿਲਾਂ, ਸਾਰੇ ਵਸਨੀਕਾਂ ਨੂੰ ਵਿਹਾਰ ਦਾ ਜ਼ਾਬਤਾ ਅਤੇ ਇੱਕ ਜਾਣਕਾਰੀ ਪੈਕ ਦਿਓ
- ਦਿਨ ਦੇ ਸੰਪਰਕ ਨੰਬਰ ਅਤੇ ਕੰਮ ਦੇ ਘੰਟਿਆਂ ਤੋਂ ਬਾਅਦ ਦੇ ਐਮਰਜੈਂਸੀ ਨੰਬਰ ਮੁਹਈਆ ਕਰੋ
- ਵਸਨੀਕਾਂ ਨੂੰ ਚਿੱਠੀਆਂ, ਨੋਟਿਸਬੋਰਡਾਂ ਅਤੇ/ਜਾਂ ਨਿਊਜ਼ਲੈਟਰਾਂ ਰਾਹੀਂ ਸੂਚਿਤ ਰੱਖੋ
- ਵਸਨੀਕਾਂ ਦੇ ਪ੍ਰਤੀਨਿਧੀਆਂ ਅਤੇ ਸਥਾਨਕ ਭਾਈਚਾਰੇ ਵਿਚ ਸ਼ਾਮਲ ਹੋਰਨਾਂ ਨੂੰ ਜਾਣੋ

## ਸੁਰੱਖਿਆ ਅਤੇ ਰਾਖੀ

### ਯੂਨਾਇਟਿਡ ਹਾਉਸ ਕਰੇਗਾ:...

- ਸਿਹਤ ਅਤੇ ਸੁਰੱਖਿਆ ਦੇ ਸਾਰੇ ਅਮਲਾਂ ਦੀ ਪਾਲਣਾ ਕਰੋ ਅਤੇ ਸੁਰੱਖਿਆ 'ਤੇ ਕਦੀ ਵੀ ਸਮਝੌਤਾ ਨਾ ਕਰ
- ਵਸਨੀਕਾਂ ਨੂੰ ਸਾਈਟ 'ਤੇ ਆਮ ਸੁਰੱਖਿਆ ਬਾਰੇ ਦੱਸੋ
- ਸੁਰੱਖਿਆ ਵਿਜ਼ਿਟਾਂ ਅਤੇ ਆੱਡਿਟਾਂ ਬਾਕਾਇਦਗੀ ਨਾਲ ਕਰੋ
- ਸਮਗ੍ਰੀਆਂ ਅਤੇ ਉਪਕਰਣਾਂ ਨੂੰ ਸੁਰੱਖਿਆ ਨਾਲ ਸਾਂਭ ਕੇ ਰੱਖੋ
- ਸੁਰੱਖਿਆ ਮੁਲਾਂਕਣ ਕਰੋ ਅਤੇ ਗਰੰਟੀ ਦਿਓ ਕਿ ਲੋਕਾਂ ਦੀ ਅਤੇ ਕੰਮ ਕਰਨ ਵਾਲਿਆਂ ਦੀ ਸੁਰੱਖਿਆ ਨੂੰ ਤਰਜੀਹ ਦਿਤੀ ਜਾਂਦੀ ਹੈ
- ਵੀਲ੍ਹ-ਚੇਅਰਾਂ ਅਤੇ ਪ੍ਰਾਮਾਂ ਲਈ, ਜਿਥੇ ਅਸੀਂ ਫੁੱਟਪਾਥ ਦੀ ਭੰਨਤੋੜ ਕੀਤੀ ਹੈ, ਚੜ੍ਹਾਈ ਵਾਲੀਆਂ ਥਾਵਾਂ (ਰੈਂਪ) ਜਾਂ ਸੰਕੇਤਾਂ ਵਾਲੇ ਮੋੜਵੇਂ ਰਾਹ ਮੁਹਈਆ ਕਰੋ
- ਸਾਈਟ ਦੁਆਲੇ ਪੈਦਲ ਚਲਣ ਵਾਲਿਆਂ ਲਈ ਥਾਂ ਨੂੰ ਸੁਰੱਖਿਅਤ ਅਤੇ ਸਾਫ਼-ਸੁਥਰਾ ਰੱਖਣਾ ਯਕੀਨੀ ਬਣਾਓ
- ਯਕੀਨੀ ਬਣਾਓ ਕਿ ਕਬਜ਼ੇ ਹੇਠਲੀਆਂ ਸੰਪਤੀਆਂ ਲਈ ਮੁਹਈਆ ਕੀਤੀਆਂ ਚਾਬੀਆਂ, ਇਕ ਨਾਮਜ਼ਦ ਵਿਅਕਤੀ ਕੋਲ ਹੋਣ
- ਵਸਨੀਕਾਂ ਜਾਂ ਉਹਨਾਂ ਦੇ ਘਰ ਬਾਰੇ ਕਿਸੇ ਜਾਣਕਾਰੀ ਨੂੰ ਬਹੁਤ ਰਾਜ਼ਦਾਰੀ ਨਾਲ ਰੱਖੋ ਅਤੇ ਕਦੀ ਵੀ, ਕਿਸੇ ਹੋਰ ਵਸਨੀਕ ਨਾਲ ਇਸ ਜਾਣਕਾਰੀ ਬਾਰੇ ਗੱਲ ਨਾ ਕਰੋ

### ਸਾਈਟ ਤੇ ਕੰਮ ਕਰਨ ਵਾਲਾ ਹਰ ਕੋਈ:...

- ਇਕ ਵਸਨੀਕ ਦੇ ਘਰ ਵਿਚ ਜਦੋਂ ਕੰਮ ਕੀਤਾ ਜਾ ਰਿਹਾ ਹੈ, ਉਸਨੂੰ ਸੁਰੱਖਿਅਤ ਰੱਖੋ ਅਤੇ ਜਦੋ ਸੰਪਤੀ ਨੂੰ, ਬਿਨਾ ਕਿਸੇ ਵਿਅਕਤੀ ਦੇ ਛੱਡਿਆ ਜਾਂਦਾ ਹੈ, ਬਾਹਰ ਦਾ ਦਰਵਾਜ਼ਾ ਬੰਦ ਕਰੋ
- ਯਕੀਨੀ ਬਣਾਓ ਕਿ ਰਾਤ ਨੂੰ ਹੇਠਲੀ ਮੰਜ਼ਿਲ ਦੀਆਂ ਪੌੜੀਆਂ ਨੂੰ ਹਟਾਇਆ ਗਿਆ ਹੈ
- ਸੁਰੱਖਿਆ ਅਤੇ ਰਾਖੀ ਦੇ ਖ਼ਤਰੇ ਨੂੰ ਘੱਟ ਕਰਨ ਲਈ, ਪੈੜ ਲਈ ਪਹੁੰਚ ਨੂੰ ਸੀਮਤ ਕਰੋ
- ਜਦੋਂ ਬੱਚੇ ਮੌਜੂਦ ਹੋਣ, ਤਾਂ ਖ਼ਾਸ ਧਿਆਨ ਰੱਖੋ
- 16 ਸਾਲ ਤੋਂ ਘੱਟ ਉਮਰ ਦੇ ਕਿਸੇ ਬਾਲਗ ਤੋਂ ਬਿਨਾ ਵਾਲੇ ਬੱਚੇ ਵਾਲੇ ਇੱਕ ਵਸਨੀਕ ਦੇ ਘਰ ਵਿਚ ਕਦੀ ਵੀ ਦਾਖ਼ਲ ਨਾ ਹੋਵੋ ਜਾਂ ਉਥੇ ਨਾ ਰਹੋ
- ਹਮੇਸ਼ਾ ਇਕ ਸ਼ਨਾਖ਼ਤੀ ਕਾਰਡ ਲਾਓ ਜਾਂ ਨਾਲ ਰੱਖੋ ਅਤੇ ਜਦੋਂ ਅਸੀਂ ਕਾੱਲ ਕਰਦੇ ਹਾਂ, ਤਾਂ ਇਕ ਵਸਨੀਕ ਨੂੰ ਇਹ ਖ਼ੁਸ਼ੀ ਨਾਲ ਵਿਖਾਓ
- ਇੱਕ ਸਪਸ਼ਟ ਨਜ਼ਰ ਆਉਂਦੇ ਲੋਗੋ ਵਾਲੇ ਯੂਨਾਇਟਿਡ ਹਾਉਸ ਕਾਰਪੋਰੇਟ ਵਾਲੇ ਸਾਫ਼-ਸੁਥਰੇ ਕਪੜੇ ਪਾਓ

# ਵਸਨੀਕਾਂ ਦੀਆਂ ਜ਼ਿੰਮੇਵਾਰੀਆਂ

ਜਦਕਿ ਇਹ ਦਸਤਾਵੇਜ਼ ਮੁਢਲੇ ਤੌਰ 'ਤੇ ਸਾਂਝੇ ਘਰ ਅਤੇ ਸਾਡੀ ਸਾਈਟ 'ਤੇ ਕੰਮ ਕਰਨ ਵਾਲੇ ਹਰੇਕ ਵਿਅਕਤੀ ਦੇ ਵਤੀਰੇ ਬਾਰੇ ਹੈ, ਵਸਨੀਕਾਂ ਦੀਆਂ ਵੀ ਜ਼ਿਮੇਵਾਰੀਆਂ ਹਨ। ਅਸੀਂ ਸਿਰਫ ਇਕ ਦੂਜੇ ਦੀ ਇੱਜ਼ਤ ਕਰਕੇ ਅਤੇ ਰਲ ਮਿਲ ਕੇ ਹੀ ਕੁਝ ਦੇ ਸਕਦੇ ਹਾਂ, ਅਤੇ ਵਸਨੀਕ, ਸਾਡੇ ਸਾਰਿਆਂ ਵਲੋਂ ਉਮੀਦ ਕੀਤੇ ਜਾਣ ਵਾਲਾ ਉਚ ਮਿਆਰੀ ਕੰਮ ਅਤੇ ਸੇਵਾ ਪ੍ਰਾਪਤ ਕਰ ਸਕਦੇ ਹਨ

- ਸਾਡੇ ਸਟਾਫ, ਸੰਚਾਲਕਾਂ ਅਤੇ ਸਹਾਇਕ ਠੇਕੇਦਾਰਾਂ ਨਾਲ ਉਸੇ ਸਤਿਕਾਰ ਅਤੇ ਤਰੀਕੇ ਨਾਲ ਪੇਸ਼ ਆਓ, ਜਿਹੋ ਜਿਹੀ ਤੁਸੀਂ ਆਪਣੇ ਲਈ ਉਹਨਾਂ ਤੋਂ ਉਮੀਦ ਕਰਦੇ ਹੋ।
- ਸਾਡੇ ਸਟਾਫ ਅਤੇ ਸਹਾਇਕ ਠੇਕੇਦਾਰਾਂ ਨੂੰ ਤੈਅ ਤਾਰੀਖਾਂ ਅਤੇ ਸਮਿਆਂ 'ਤੇ ਪਹੁੰਚ ਕਰਨ ਦਿਓ।
- ਜੇ ਤੁਹਾਨੂੰ ਪਹਿਲਾਂ ਤੋਂ ਨਿਸ਼ਚਿਤ ਕਿਸੇ ਮੁਲਾਕਾਤ ਨੂੰ ਰੱਦ ਕਰਨ ਦੀ ਜ਼ਰੂਰਤ ਹੈ, ਤਾਂ ਸਾਨੂੰ 24 ਘੰਟਿਆਂ ਦਾ ਨੋਟਿਸ ਦਿਓ।
- ਬੱਚਿਆਂ ਅਤੇ ਪਾਲਤੂ ਪਸ਼ੂਆਂ ਨੂੰ ਕੰਮ ਵਾਲੀ ਥਾਂ, ਔਜ਼ਾਰਾਂ ਅਤੇ ਸਮਾਨ ਤੋਂ ਦੂਰ ਰਖੋ।
- ਜਦੋਂ ਕੰਮ ਚਲ ਰਿਹਾ ਹੋਵੇ, ਉਸ ਸਮੇਂ ਛੋਟੇ ਬੱਚਿਆਂ ਨੂੰ ਇਕੱਲਿਆਂ ਨਾ ਛਡੋ। ਜਿਥੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਕੋਈ ਨਹੀਂ ਹੋਏਗਾ, ਅਸੀਂ ਅਜਿਹੀ ਕਿਸੀ ਥਾਂ ਵਿਚ ਦਾਖਲ ਨਹੀਂ ਹੋਵਾਂਗੇ ਜਾਂ ਕੰਮ ਨਹੀਂ ਕਰਾਂਗੇ।
- ਕੰਮ ਦੇ ਸਮੇਂ ਦੌਰਾਨ ਸਾਡੇ ਸਟਾਫ ਦੇ ਆਉਣ ਜਾਣ ਲਈ ਥਾਂ ਤੱਕ ਪਹੁੰਚ ਕਰਨ ਵਾਲੇ ਰਾਹ ਨੂੰ ਸਾਫ ਸੁਥਰਾ ਰਖੋ।
- ਸਾਰੀਆਂ ਟੁੱਟਣ ਵਾਲੀਆਂ ਅਤੇ ਕੀਮਤੀ ਚੀਜ਼ਾਂ ਨੂੰ ਪੈਕ ਕਰਕੇ ਪਾਸੇ ਰਖੋ
- ਮੁਰੰਮਤ ਹੋਣ ਵਾਲੇ ਕਮਰਿਆਂ ਨੂੰ ਪੂਰੀ ਤਰ੍ਹਾਂ ਖਾਲੀ ਕਰੋ। ਪੈਕ ਕਰਨ ਲਈ ਬਕਸੇ ਦਿੱਤੇ ਜਾਣਗੇ।
- ਸਾਡੇ ਵਲੋਂ ਕੀਤੇ ਜਾ ਰਹੇ ਕਿਸੇ ਵੀ ਕੰਮ ਨਾਲ ਛੇੜਛਾੜ ਜਾਂ ਆਪ ਕਰਨ ਦਾ ਉਦਮ ਨਾ ਕਰੋ।
- ਜਦੋਂ ਤੱਕ ਅਸੀਂ ਤੁਹਾਡੇ ਘਰ 'ਚ ਕੰਮ ਕਰ ਰਹੇ ਹਾਂ, ਉਦੋਂ ਤੱਕ ਆਪਣਾ ਕੋਈ ਪ੍ਰੌਜੈਕਟ, ਜਿਸ ਵਿਚ ਸਜਾਵਟ ਵੀ ਸ਼ਾਮਿਲ ਹੈ, ਸ਼ੁਰੂ ਨਾ ਕਰੋ

united living

**For further information please visit**
**www.unitedliving.co.uk**
**United Living, Media House,**
**Azalea Drive, Swanley,**
**Kent BR8 8HU**

**01322 665522**